# ਗੁਰੂ ਨਾਨਕ ਦਾ ਕੁਦਰਤ-ਸਿਧਾਂਤ

ਸਿੱਖ-ਚਿੰਤਨ ਵਿੱਚ 'ਕੁਦਰਤ' ਇਕ ਉਚ-ਪੱਧਰੀ ਸੰਕੇਤ ਨਹੀਂ, ਦਾਰਸ਼ਨਿਕ ਮਹੱਤਵ ਵਾਲਾ ਸੰਕਲਪ ਅਤੇ ਨਿਵੇਕਲੇ ਵਿਸ਼ਵ-ਸਿਧਾਂਤ ਦਾ ਆਧਾਰ ਹੈ। ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿੱਚ ਇਸ ਨੂੰ ਵਿਸ਼ੇਸ਼ ਦਰਜਾ ਦਿੱਤਾ ਅਤੇ ਵਿਭਿੰਨ ਅਰਥਾਂ ਤੇ ਸੰਦਰਭਾਂ ਵਿੱਚ ਵਰਤਿਆ। ਗੁਰੂ ਨਾਨਕ-ਬਾਣੀ ਵਿਚ ਕੁਦਰਤ ਦੀ ਵਰਤੋਂ 'ਸ਼ਕਤੀ' ਤੇ 'ਰਚਨਾ-ਸ਼ਕਤੀ' ਦੇ ਅਰਥਾ ਵਿਚ ਹੋਈ ਹੈ, ਗੁਰੂ ਨਾਨਕ-ਬਾਣੀ ਵਿਚ ਕੁਦਰਤ ਨੂੰ ਇਸ ਦੀ ਸਮੁੱਚਤਾ, ਵੰਨ ਸੁਵੰਨਤਾ ਤੇ ਜਟਿਲਤਾ ਵਿਚ ਚਿਤਰਦੀ ਹੈ। ਕੁਦਰਤ ਨੂੰ ਇਹ ਕਾਦਰ ਦੀ ਸਿਰਜਣਾ ਮੰਨਦੀ ਹੈ, ਚਾਹੇ ਸਿਰਜਣਹਾਰ ਇਸ ਵਿਚ ਆਪ ਹੀ ਬਿਰਾਜਮਾਨ ਹੈ। ਆਪਣੇ ਇਸ਼ਟ ਨੂੰ ਸੰਬੋਧਨ ਕਰ ਕੇ, ਗੁਰੂ ਸਾਹਿਬ ਨੇ ਕਿਹਾ – "ਸਚਿ ਤੇਰੀ ਕੁਦਰਤਿ, ਸਚੇ ਪਾਤਿਸਾਹੁ।" ਇਸ ਤੋਂ ਸਪੱਸ਼ਟ ਹੋ ਗਿਆ ਕਿ ਕੁਦਰਤ 'ਉਸ' ਦੀ ਹੈ, ਕਾਦਰ ਦੀ ਹੈ ਰਚਨਹਾਰ ਦੀ ਹੈ, ਨਾ ਕਿ ਕੋਈ ਸੁਤੰਤਰ ਜਾ ਸਵਾਧੀਨ ਸੱਤਾ ਹੈ।

"ਗੁਰੂ ਨਾਨਕ ਨੇ ਕੁਦਰਤ ਨੂੰ ਉਚੇਚੇ ਸੁਹਜ-ਸੁਆਦ ਦੇ ਅਧਿਆਤਮਕ ਰਸ ਦੇ ਪ੍ਰਗਟਾਵੇ ਲਈ ਮਾਧਿਅਮ ਬਣਾ ਕੇ ਵਰਤਿਆ ਹੈ।" – "ਗੁਰਬਾਣੀ ਦੀ ਦ੍ਰਿਸ਼ਟੀ ਕੁਦਰਤ ਦੀ ਵਿਆਪਕਤਾ ਤੋਂ ਪਰੇਡੀ ਕਿਸੇ ਅਗੋਚਰ ਅਪਰੰਪਰ ਹਸਤੀ ਦੇ ਅੰਤਰਬੋਧੀ ਅਨੁਭਵ ਦਾ ਅਮੁੱਕ ਸੋਮਾ ਹੈ।" – "ਕਾਦਰ, ਕੁਦਰਤ ਤੇ ਜੀਵ ਇਕ ਦੂਜੇ ਨਾਲੋਂ ਨਿਖੇੜੇ ਨਹੀਂ ਜਾ ਸਕਦੇ। ਇਹ ਇਕੋ ਸ਼ਕਤੀ ਦੇ ਭਿੰਨ ਭਿੰਨ ਪ੍ਰਗਟਾਵੇ ਹਨ।" – "ਗੁਰੂ ਨਾਨਕ ਬਾਣੀ ਨੇ ਆਪਣਾ ਨਿਵੇਕਲਾ ਕੁਦਰਤ ਦਾ ਸੰਕਲਪ ਸਿਰਜਿਆ ਹੈ, ਜਿਸ ਵਿਚੋਂ ਗੁਰਬਾਣੀ ਦੇ ਕੁਦਰਤ-ਸਿਧਾਂਤ ਦੀ ਸਥਾਪਨਾ ਹੁੰਦੀ ਹੈ।"

## ਗੁਰੂ ਨਾਨਕ ਬਾਣੀ ਵਿੱਚ ਕੁਦਰਤ ਦੇ ਸੰਕੇਤ

ਵਿਅਕਤੀ ਕੁਦਰਤ ਦੇ ਪਸਾਰੇ ਨੂੰ ਦੇਖ ਕੇ ਆਪਣੀਆਂ ਸੰਵੇਦਨਾਵਾਂ ਰਾਹੀਂ ਅਨੇਕ ਪ੍ਰਕਾਰ ਦੇ ਅਨੁਭਵ ਪ੍ਰਤੀਤ ਕਰਦਾ ਹੈ ਪਰ ਕੋਈ ਨਿਵੇਕਲੀ ਸ਼ਖਸੀਅਤ ਅਜਿਹੀ ਹੁੰਦੀ ਹੈ ਜਿਹੜੀ ਅਨੁਭਵ ਦੇ ਪ੍ਰਤੀਕਰਮ ਨੂੰ ਸੁੰਦਰ ਸ਼ਬਦਾਂ ਵਿਚ ਉਤਾਰ ਸਕੇ। ਰਹੱਵਾਦੀ ਮਹਾਂਕਵੀਆਂ ਨੇ ਪਰਾਸਰੀਰਕ ਅਤੇ ਪਰਾਭੌਤਿਕ ਅਨੁਭਵ ਵੀ ਕੁਦਰਤ ਵਿਚੋਂ ਪ੍ਰਾਪਤ ਕੀਤੇ। ਕੁਦਰਤ ਨੇ ਹਰ ਯੁਗ ਵਿਚ ਮਨੁੱਖ ਨੂੰ ਨਵੀਆਂ ਬੌਧਿਕ ਵਿਮਾਵਾਂ (dimensions) ਪ੍ਰਦਾਨ ਕੀਤੀਆਂ ਹਨ, ਜਿਨ੍ਹਾਂ ਵਿਚੋਂ ਮਨੁੱਖੀ ਚਿੰਤਨ ਦਾ ਵਿਕਾਸ ਪ੍ਰਤੱਖ ਹੈ।

ਪੌਣਾ, ਰੁੱਤਾਂ, ਦਰਿਆਵਾਂ, ਰੁੱਖਾਂ, ਤੱਟਾਂ ਮੇਘਾਂ, ਖੇਤਾ ਅਤੇ ਧੁਪਾਂ ਛਾਵਾਂ ਨੂੰ ਉਹਨਾਂ ਨੇ ਧੁਰ ਅੰਤਹਕਰਣ ਤਕ ਮਾਣਿਆ। ਉਹਨਾਂ ਦਾ ਰੂਹਾਨੀ ਸੰਸਾਰ ਦਿਸਦੇ ਨਾਲੋਂ ਅਣਦਿਸਦੇ ਵਿਚ ਵਧੇਰੇ ਵਾਪਰ ਰਿਹਾ ਸੀ। ਪਰ ਉਹ ਇਸ ਤੋਂ ਵੱਖਰਾ ਨਹੀਂ ਸੀ।

ਇਸ ਲਈ ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚ ਜਦੋਂ ਰੱਬੀ ਅਨੁਭਵ ਦਾ, ਜੀਵਾਤਮਾ-ਪਰਮਾਤਮਾ ਦੇ ਮੇਲ ਵਿਛੋੜੇ ਦਾ ਜ਼ਿਕਰ ਆਉਂਦਾ ਹੈ ਤਾਂ ਇਸ ਦਾ ਸਪੱਸ਼ਟ ਵਿਸਥਾਰ ਕੁਦਰਤ ਦੀ ਸਾਮੱਗਰੀ ਵਿਚੋਂ ਹੀ ਭਿੰਨ ਭਿੰਨ ਉਦਾਹਰਣਾਂ ਤੇ ਸੰਕੇਤ ਵਰਤ ਕੇ ਕੀਤਾ ਹੁੰਦਾ ਹੈ। ਜਿਵੇਂ ਬੂੰਦ ਵਿਚੋਂ ਸਾਗਰ ਤੱਕਿਆ ਜਾ ਸਕਦਾ ਹੈ, ਉਵੇਂ ਕੁਦਰਤ ਵਿਚੋਂ ਕਾਦਰ ਦਾ ਦੀਦਾਰ ਹੁੰਦਾ ਹੈ।

ਜਿਵੇ ਰੌਸ਼ਨੀ ਨੂੰ ਰੌਸ਼ਨੀ ਦੇ ਸਰੋਤ ਤੋਂ ਵਖਰਿਆਇਆ ਨਹੀਂ ਜਾ ਸਕਦਾ, ਤਿਵੇਂ ਸਿਰਜਣਹਾਰ ਤੇ ਉਸ ਦੀ ਸਿਰਜਣਾ ਵਿਚ ਵਖਰੇਵਾਂ ਨਹੀਂ ਕੀਤਾ ਜਾ ਸਕਦਾ।

- ਗੁਰੂ ਨਾਨਕ ਬਾਣੀ ਵਿਚ ਕੁਦਰਤ ਦਾ ਸਰੂਪ

ਗੁਰੂ ਨਾਨਕ ਬਾਣੀ ਵਿੱਚ ਕੁਦਰਤ ਦਾ ਸਰੂਪ ਨਿਮਨਲਿਖਿਤ ਪੱਖਾਂ ਤੋ ਵਿਚਾਰਿਆ ਜਾ ਸਕਦਾ ਹੈ :

1. ਕੁਦਰਤ ਅਨਾਦੀ ਨਹੀਂ।
2. ਕੁਦਰਤ ਅਸੀਮ ਹੈ।
3. ਕੁਦਰਤ ਦਾ ਪ੍ਰਯੋਜਨ ਹੈ।
4. ਕੁਦਰਤ ਅਨੁਸ਼ਾਸਨਬੱਧ ਹੈ।
5. ਕੁਦਰਤ ਰੱਬੀ ਗਾਇਨ ਵਿਚ ਲੀਨ ਹੈ।

punjabiforias.com by Satinder Sir

6. ਕੁਦਰਤ ਰੱਬ ਦਾ ਗੌਣ (ਅਧੀਨ) ਰੂਪ ਹੈ।

7. ਕੁਦਰਤ ਪਰਤੱਖਣਾ (perception) ਵਿਚ ਹੈ ਅਤੇ ਪਰਤੱਖਣਾ ਤੋਂ ਸੁਤੰਤਰ ਵੀ।

8. ਕੁਦਰਤ ਲੋਪ ਹੋ ਸਕਦੀ ਹੈ, ਨਸ਼ਟ ਨਹੀਂ ਹੁੰਦੀ।

ਸਿੱਖ ਧਰਮ-ਦਰਸ਼ਨ ਵਿਚ ਜਗਤ ਦਾ ਕਰਤਾ ਅਕਾਲਪੁਰਖ ਨੂੰ ਮੰਨਿਆ ਗਿਆ ਹੈ। ਉਸ ਨੇ ਸ੍ਰਿਸ਼ਟੀ ਸਾਜੀ ਹੈ ਤੇ ਆਪਣੀ ਸਿਰਜਣਾ ਉੱਤੇ ਪ੍ਰਸੰਨ ਹੈ। ਉਹ ਜਗਤ ਨੂੰ ਸਾਜਦਾ ਹੈ, ਦੇਖਦਾ ਹੈ, ਪਰਖਦਾ ਹੈ ਤੇ ਜਦੋਂ ਚਾਹੇ ਸਮੇਟ ਲੈਂਦਾ ਹੈ :

**ਕਰਿ ਕਰਿ ਵੇਖੈ ਸਿਰਜਣਹਾਰੁ।**

**ਨਾਨਕ ਸਚੇ ਕੀ ਸਾਚੀ ਕਾਰ।**[1]

- ਅਸੀਮ : ਸਿਸ੍ਰਟੀ ਦੀ ਅਨੰਤਤਾ ਮਨੁੱਖ ਦੇ ਚਿੰਤਨ ਵਿਚ ਆਉਣ ਵਾਲੀ ਨਹੀਂ ਹੈ। ਸ੍ਰਿਸ਼ਟੀ ਰਚਨਾ ਦਾ ਮਨੋਰਥ ਉਸ ਮਾਂ ਦੇ ਇਰਾਦੇ ਵਾਂਗ ਪ੍ਰਤੀਤ ਹੁੰਦਾ ਹੈ ਜਿਹੜੀ ਕੁਝ ਸਮੇਂ ਲਈ ਆਪਣੇ ਬੱਚਿਆ ਤੋਂ ਉਹਲੇ ਹੋ ਗਈ ਤਾਂ ਕਿ ਬੱਚਿਆ ਨੂੰ ਉਸ ਦੀ ਅਹਿਮੀਅਤ ਦਾ ਅਹਿਸਾਸ ਹੋ ਸਕੇ। ਰੱਬ ਨੇ ਮਨੁੱਖ ਨੂੰ ਆਪਣੇ ਨਾਲੋਂ ਇਸ ਕਰਕੇ ਤੋੜਿਆ ਤਾਂ ਕਿ ਹੋਰ ਪੱਕੀ ਤਰ੍ਹਾਂ ਜੁੜ ਸਕੇ। ਵਖਰੇਵੇਂ ਦਾ ਅਰਥ ਮੇਲ ਹੈ। ਵਖਰੇਵੇਂ ਬਿਨਾ ਮੇਲ ਸੰਭਵ ਨਹੀਂ। ਬਾਬਾ ਫ਼ਰੀਦ ਬਿਰਹਾ ਵਿਚ 'ਤਪਿ ਤਪਿ ਲੁਹਿ ਲੁਹਿ' ਹੱਥ ਮਰੋੜਦੇ ਹਨ, ਪਰ ਨਾਲ ਹੀ ਬਿਰਹਾ ਨੂੰ ਸੁਲਤਾਨ ਆਖਦੇ ਹਨ। ਬਿਰਹਾ ਇਕ ਪਾਸੇ ਵੇਦਨਾ ਦਾ ਪ੍ਰਤੀਕ ਹੈ ਤਾਂ ਦੂਜੇ ਪਾਸੇ ਮਿਲਾਪ ਦਾ ਆਧਾਰ ਬਣਦਾ ਹੈ। ਬਿਰਹਾ ਮੇਲ ਦਾ ਪੰਧ ਹੈ।
- ਅਨੁਸ਼ਾਸਨਬੱਧਤਾ : ਬ੍ਰਹਮੰਡ ਵਿਚ ਕੋਈ ਵੀ ਵਰਤ ਕ੍ਰਮਰਹਿਤ ਨਹੀਂ ਵਿਚਰ ਸਕਦੀ। ਨਿੱਕੇ ਪ੍ਰਮਾਣੂ ਦੇ ਬਿਜਲਾਣੂਆਂ ਤੋਂ ਲੈ ਕੇ ਸਮੂਹ ਤਾਰਕਾ-ਮੰਡਲ ਕ੍ਰਮ ਵਿਚ ਭ੍ਰਮਣ ਕਰ ਰਹੇ ਹਨ। ਜਦੋਂ ਗੁਰੂ ਸਾਹਿਬ ਕਰਾਮਾਤਾਂ ਦਾ ਖੰਡਨ ਕਰਦੇ ਹਨ ਤਾਂ ਉਹਨਾਂ ਦੇ ਖੰਡਨ ਦਾ ਭਾਵ ਸਾਨੂੰ ਇਹ ਸੋਝੀ ਕਰਾਉਣਾ ਹੈ ਕਿ ਰੱਬੀ ਹੁਕਮ ਵਿਚ ਵਿਘਨ ਪਾਉਣਾ ਸਿਆਣਪ ਨਹੀਂ। ਗੁਰਬਾਣੀ ਵਿਚ ਇਸ ਨੂੰ ਚੰਗਾ ਨਹੀਂ ਮੰਨਿਆ ਗਿਆ। ਰੱਬ ਨੂੰ ਸੱਚਾ ਪਾਤਸ਼ਾਹ ਕਿਹਾ ਗਿਆ ਹੈ ਜਿਸ ਦੇ ਸਾਰੇ ਨਿਯਮ ਸੱਚੇ ਹਨ।
- ਰਾਗਾਤਮਕਤਾ : ਗੁਰੂ ਨਾਨਕ ਬਾਣੀ ਅਨੁਸਾਰ ਸਭ ਖੰਡ ਮੰਡਲ ਬ੍ਰਹਿਮੰਡ ਰੱਬੀ ਗਾਇਨ ਵਿਚ ਲੀਨ ਹਨ।

**ਗਾਵਨਿ ਤੁਧਨੋ ਪਵਨ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ।**

**ਗਾਵਨਿ ਤੁਧਨੋ ਖੰਡ ਮੰਡਲ ਬ੍ਰਹਮੰਡਾ ਕਰਿ ਕਰਿ ਰਖੇ ਤੇਰੇ ਧਾਰੇ।**

ਸਪਸ਼ਟ ਹੈ ਕਿ ਵਿਅਕਤੀਗਤ ਇਕਸੁਰਤਾ (harmony) ਨੂੰ ਬ੍ਰਹਿਮੰਡੀ ਇਕਸੁਰਤਾ ਨਾਲ ਮਿਲਾ ਲੈਣਾ ਉੱਚਤਮ ਆਤਮਕ ਆਨੰਦ ਹੈ। ਰੱਬ ਦੀ ਹੋਂਦ ਪਰਾਪੂਰਬਲੀ ਹੈ ਤੇ ਸਿਸ੍ਰਟੀ ਉਸ ਨੇ ਬਾਅਦ ਵਿਚ ਰਚੀ ਜਿਸ ਕਰਕੇ ਰੱਬ ਇਸ ਰਚਨਾ ਦਾ ਪ੍ਰਧਾਨ ਕਰਤਾ ਹੈ ਤੇ ਕੁਦਰਤ ਦਾ ਗੌਣ ਕਾਰਜ। ਕੋਈ ਰਚਨਾ ਆਪਣੇ ਰਚਨਹਾਰ ਤੋਂ ਵਡੇਰੀ ਨਹੀਂ ਹੋ ਸਕਦੀ।

ਗੁਰੂ ਨਾਨਕ ਬਾਣੀ ਵਿਚ ਕੁਦਰਤ ਰਚਨਾ ਸੰਬੰਧੀ ਇਕ ਸੰਕੇਤ ਹੇਠ ਲਿਖੀ ਪੰਕਤੀ ਵਿਚ ਪ੍ਰਾਪਤ ਹੈ :

**ਆਪੀਨੈ ਆਪ ਸਾਜਿਉ, ਆਪੀਨੈ ਰਚਿਉ ਨਾਉ।**

**ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ।**[9]

(1) ਗੁਰੂ ਨਾਨਕ ਦੇਵ ਅਨੁਸਾਰ ਮਾਇਆ ਉਹ ਸ਼ਕਤੀ ਹੈ ਜਿਹੜੀ ਜੀਵ ਨੂੰ ਆਪਣੇ ਮੂਲ ਪ੍ਰਮਾਤਮਾ ਤੋਂ ਵਿਛੋੜ ਦਿੰਦੀ ਹੈ, ਜਿਵੇਂ:

**ਖਰੀ ਸਿਆਣੀ ਕੰਤ ਨਾ ਭਾਣੀ।**

**ਮਾਇਆ ਲਾਗੀ ਭਰਮ ਭੁਲਾਣੀ ।**[2]



punjabiforias.com by Satinder Sir

(2) ਜਪੁ ਵਿਚ ਮਾਇਆ ਨੂੰ ਮਾਤਾ ਦੇ ਅਰਥਾਂ ਵਿਚ ਵਰਤਿਆ ਗਿਆ ਹੈ :

**ਏਕਾ ਮਾਈ ਜੁਗਤਿ ਵਿਆਈ**

**ਤਿੰਨ ਚੇਲੇ ਪਰਵਾਣ।**

ਮਨੁੱਖੀ ਸਦਾਚਾਰ ਕੁਦਰਤ ਦਾ ਇਕ ਅੰਗ ਹੈ। ਉੱਤਮ, ਨੀਚ, ਨੇਕੀਆਂ, ਬਦੀਆਂ, ਚੰਗਿਆਈਆਂ ਬੁਰਿਆਈਆਂ, ਮਾਣ ਅਪਮਾਨ ਸਭ ਕੁਦਰਤ ਹਨ। ਸਾਡੇ ਅੰਦਰਲਾ ਭਾਵਾਂ ਦਾ ਜਗਤ ਅਤੇ ਬਾਹਰਲਾ ਭੌਤਿਕ ਜਗਤ ਕੁਦਰਤ ਦੇ ਅੰਗ ਹਨ। ਪਰਾਭੌਤਿਕ, ਜਾਂ ਭੌਤਿਕ ਕੁੱਝ ਵੀ ਗ਼ੈਰ-ਕੁਦਰਤੀ ਨਹੀਂ। ਖਾਣਾ ਪੀਣਾ, ਹੱਸਣਾ ਖੇਡਣਾ, ਪਹਿਨਣਾ, ਵਰਤੋਂ-ਵਿਹਾਰ ਸਭ ਕੁਦਰਤ ਵਿਚ ਘਟਦਾ ਹੈ। (ਵਧੇਰੇ ਵਿਵਰਣ ਲਈ ਵਾਰ ਆਸਾ ਵਿਚੋਂ 'ਕੁਦਰਤ' ਸ਼ਬਦ ਨਾਲ ਸੰਬੰਧਿਤ ਸਾਰੀਆਂ ਪੰਕਤੀਆਂ ਦਾ ਹਵਾਲਾ ਦਿੱਤਾ ਜਾ ਸਕਦਾ ਹੈ।)

ਪਦਾਰਥਕ ਜਗਤ ਚਲਣਹਾਰ ਹੈ, ਥਿਰ ਕੇਵਲ ਰੱਬ ਸੱਚਾ ਹੈ :

**ਹੈ ਭੀ ਹੋਸੀ ਜਾਇ ਨ ਜਾਸੀ ਸਚਾ ਸਿਰਜਣਹਾਰੋ।**

- **ਕੁਦਰਤ ਦਾ ਰਚਨਾਤਮਕ ਪੱਖ :** ਕੁਦਰਤ ਦੀ ਰਚਨਾ ਦੇ ਸੰਬੰਧ ਵਿਚ ਵਿਚਾਰ ਸ਼ੁਰੂ ਕਰਨ ਲਗਿਆਂ ਗੁਰੂ ਨਾਨਕ ਦੇਵ ਜੀ ਦਾ ਬੁਨਿਆਦੀ ਸਿਧਾਂਤ ਸਾਹਮਣੇ ਰਖਣਾ ਉਚਿਤ ਹੈ ਜਿਸ ਅਨੁਸਾਰ –
  1. ਕੁਦਰਤ ਇਕੋ ਰੱਬ ਦੀ ਰਚਨਾ ਹੈ।
  2. ਰੱਬ ਆਪ ਕਿਸੇ ਦੀ ਰਚਨਾ ਨਹੀਂ, ਉਹ ਸ੍ਵੈ-ਪ੍ਰਕਾਸ਼ਿਤ ਹਸਤੀ ਹੈ।
- **ਕੁਦਰਤ ਅਤੇ ਹੁਕਮ** : ਗੁਰੂ ਨਾਨਕ ਦੇਵ ਜੀ ਅਨੁਸਾਰ ਸਗਲ ਸਿਸ਼੍ਰਟੀ ਹੁਕਮ ਦੁਆਰਾ ਹੋਂਦ ਵਿਚ ਆਈ। ਪਰ ਹੁਕਮ ਦੀ ਥਾਹ ਪਾਉਣੀ ਕਦਾਚਿਤ ਸੰਭਵ ਨਹੀਂ। ਮੂਲ ਰੂਪ ਵਿਚ 'ਹੁਕਮ' ਅਰਬੀ ਭਾਸ਼ਾ ਦਾ ਸ਼ਬਦ ਹੈ ਤੇ ਫ਼ਾਰਸੀ ਰਾਹੀਂ ਇਹ ਸ਼ਬਦ ਜਦੋਂ ਪੰਜਾਬੀ ਵਿੱਚ ਪ੍ਰਵੇਸ਼ ਕਰ ਗਿਆ ਤਾਂ ਆਪਣੇ ਨਾਲ ਅਰਬੀ ਫ਼ਾਰਸੀ ਅਰਥਾਂ ਦੀਆਂ ਪਰਛਾਈਆਂ ਵੀ ਲੈ ਕੇ ਆਇਆ। ਭਾਣੇ ਦੇ ਰਹੱਸ ਦੀ ਸੂਝ ਲੰਮੀ ਸਾਧਨਾ ਮਗਰੋਂ ਸੰਭਵ ਹੁੰਦੀ ਹੈ। ਗੁਰੂ ਨਾਨਕ ਬਾਣੀ ਵਿੱਚ ਹੁਕਮ ਲਈ ਕੁੱਝ ਹੋਰ ਸ਼ਬਦਾਂ ਜਿਵੇਂ 'ਨਾਮ', 'ਭਾਣਾ', 'ਰਜ਼ਾ', ਤੇ 'ਸ਼ਬਦ' ਆਦਿਕ ਦਾ ਪ੍ਰਯੋਗ ਹੋਇਆ ਮਿਲਦਾ ਹੈ। ਕਿਉਂਕਿ ਉਹ ਆਪ ਸੱਚਾ ਹੈ, ਉਸ ਦਾ ਹੁਕਮ (ਕਾਨੂੰਨ) ਵੀ ਸੱਚਾ ਹੈ। ਗੁਰੂ ਨਾਨਕ ਦੇਵ ਜੀ ਦਾ ਕਥਨ ਹੈ :

  **ਸਚਾ ਤੇਰਾ ਹੁਕਮ, ਸਚਾ ਦੀਬਾਣੁ।**

punjabiforias.com by Satinder Sir

# ਕੁਦਰਤ ਦਾ ਕਾਵਿਮਈ ਚਿਤਰਣ

**(ੳ) ਕੁਦਰਤ :** ਕਾਵਿ ਕਲਾ ਦੇ ਸਰੋਤ ਵਜੋਂ : ਰੁੱਖਾਂ, ਵੇਲ ਬੂਟਿਆ ਅਤੇ ਪਸ਼ੂਆਂ ਨੂੰ ਬਰਤਨਾਂ, ਕੰਧਾਂ, ਕੋਠਿਆਂ ਉੱਤੇ ਚਿਤਰਨਾ ਕੁਦਰਤ ਨਾਲ ਮਨੁੱਖੀ ਸਨੇਹ ਦਾ ਰਿਸ਼ਤਾ ਸਥਾਪਿਤ ਕਰਨ ਵੱਲ ਪਹਿਲਾ ਕਦਮ ਸੀ। ਬੁੱਤਤ੍ਰਾਸ਼ੀ ਅਤੇ ਚਿੱਤਰਕਾਰੀ ਸਮੇਤ ਇਹ ਸਾਰੀਆਂ ਕੋਮਲ ਕਲਾਵਾਂ ਕੁਦਰਤ ਵਲੋਂ ਮਨੁੱਖ ਨੂੰ ਉਸ ਦੀ ਲਗਨ ਦੇ ਫਲ ਵਜੋਂ ਅਤੇ ਉਸ ਦੀ ਸੌਂਦਰਯ ਭੁੱਖ ਦੀ ਤ੍ਰਿਪਤੀ ਦੀ ਪੂਰਤੀ ਵਜੋਂ ਪ੍ਰਦਾਨ ਕੀਤੀਆਂ ਗਈਆਂ। ਕੁਦਰਤ ਨਾਲ ਮਨੁੱਖ ਦਾ ਰਿਸ਼ਤਾ ਅਧਿਆਪਕ ਅਤੇ ਵਿਦਿਆਰਥੀ ਦੇ ਰਿਸ਼ਤੇ ਵਜੋਂ ਸਥਾਪਿਤ ਹੁੰਦਾ ਗਿਆ।

ਕੁਦਰਤ ਮਨੁੱਖ ਨੂੰ ਆਪਣੇ ਵਰਗਾ ਬਣਨ ਲਈ ਪ੍ਰੇਰਨਾ ਦਿੰਦੀ ਹੈ। ਜਦੋਂ ਸਮਾਜਿਕ ਜੀਵਨ ਗ਼ੈਰ-ਕੁਦਰਤੀ ਹੋਇਆ ਉਦੋ ਬਣਾਵਟੀਪਣ ਨੇ ਮਨੁੱਖਾ ਜੀਵਨ ਸਿਥਲ ਕਰ ਦਿੱਤਾ। ਕੁਦਰਤ ਨੇ ਖਿਮਾਂ ਕਰਨਾ ਅਤੇ ਸਹਿਣਸ਼ੀਲਤਾ ਪੂਰਨ ਵਿਵਹਾਰ ਕਰਨਾ ਸਿਖਾਇਆ ਹੈ। ਕੁਦਰਤ ਨੇ ਮਨੁੱਖ ਨੂੰ ਸਥਿਰਤਾ ਅਤੇ ਨਿਰੰਤਰ ਗਤੀਸ਼ੀਲਤਾ ਦੋਵਾਂ ਦੇ ਮਹੱਤਵ ਤੋਂ ਜਾਣੂ ਕਰਵਾਇਆ ਹੈ।

ਕੁਦਰਤ ਨੇ ਮਨੁੱਖ ਨੂੰ ਸਥਿਰਤਾ ਅਤੇ ਨਿਰੰਤਰ ਗਤੀਸ਼ੀਲਤਾ ਦੋਵਾਂ ਦੇ ਮਹੱਤਵ ਤੋਂ ਜਾਣੂ ਕਰਵਾਇਆ ਹੈ। ਕੁਦਰਤ ਦੇ ਅੱਟਲ ਨਿਯਮਾਂ ਨੂੰ ਨੀਤੀ ਕਥਾਵਾਂ ਦਾ ਆਧਾਰਤ ਬਣਾਇਆ ਗਿਆ। ਕੁਦਰਤ ਨੂੰ ਸਰਬੋਤਮ ਅਧਿਆਪਕਾ ਦੇ ਤੌਰ ਤੇ ਵਰਣਨ ਕਰਨਾ ਸਾਰੀਆਂ ਭਾਸ਼ਾਵਾਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਮਿਲ ਜਾਂਦਾ ਹੈ ਤੇ ਮਨੁੱਖ ਨੂੰ ਨਸੀਹਤ ਕੀਤੀ ਜਾਂਦੀ ਹੈ ਕਿ ਉਹ ਇਸ ਦੀ ਨਕਲ ਕਰਨ। ਜਿਨਾ ਮਨੁੱਖ ਕੋਮਲ ਭਾਵੀ ਹੋਵੇਗਾ ਉਹ ਉੱਨਾ ਹੀ ਕੁਦਰਤ ਦੇ ਵਧੇਰੇ ਨੇੜੇ ਹੋਵੇਗਾ ਤੇ ਉੱਨੀਆਂ ਵਧੇਰੀਆਂ ਕੁਦਰਤ ਦੀਆਂ ਰਮਜ਼ਾਂ ਦਾ ਰਾਜ਼ਦਾਨ ਹੋਵੇਗਾ। ਵੈਦਿਕ ਕਾਲ ਦੇ ਸਾਰੇ ਦੇਵਤੇ ਕੁਦਰਤ ਦੀਆਂ ਸ਼ਕਤੀਆਂ ਦੇ ਪ੍ਰਤੀਕ ਹੀ ਨਹੀਂ ਸਗੋਂ ਉਹਨਾਂ ਦਾ ਮਾਨਵੀਕਰਣ ਵੀ ਹਨ।

(ਅ) ਗੁਰੂ ਨਾਨਕ ਬਾਣੀ ਵਿਚ ਕੁਦਰਤ ਸੰਬੰਧੀ ਬਿੰਬ, ਪ੍ਰਤੀਕ, ਅਲੰਕਾਰ। ਬਿੰਬ, ਪ੍ਰਤੀਕ ਅਤੇ ਅਲੰਕਾਰ ਕਵੀ ਦੀ ਕਾਵਿ-ਵਿਅੰਜਨਾ ਲਈ ਸਹਾਇਕ ਸਮੱਗਰੀ ਹਨ। ਇਹ ਉਹ ਸੰਦ ਜਾਂ ਸਾਧਨ ਹਨ ਜਿਨ੍ਹਾਂ ਦੁਆਰਾ ਕਵੀ ਪਾਠਕਾਂ ਸਰੋਤਿਆਂ ਦੇ ਭਾਵਾਂ ਨੂੰ ਪ੍ਰੇਰਦਾ ਹੈ।

**(1) ਬਿੰਬ :** ਉਦਾਹਰਣਾ ਲਈ ਗੁਰੂ ਜੀ ਦਾ ਇਹ ਸ਼ਬਦ ਹੈ :

**ਚੇਤੁ ਬਸੰਤੁ ਭਲਾ ਭਵਰ ਸੁਹਾਵੜੇ।**

**ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ।**

"ਪਤੀ ਬਿਨਾਂ ਸੁਹਣੀ ਰੁੱਤ ਹੋਰ ਵਧੇਰੇ ਦੁਖੀ ਕਰਦੀ ਹੈ ਅਤੇ ਇਸਤਰੀ ਦਾ ਦਿਲ ਧੀਰ ਨਹੀਂ ਧਰਦਾ।" ਮੁੱਖ ਤੌਰ ਤੇ ਤਾਂ ਵਿਛੋੜੇ ਦੇ ਦਰਦ ਦੀ ਵਿਅੰਜਨਾ ਹੈ, ਪਰ ਇਹ ਪੰਕਤੀ ਜੇ ਇਵੇਂ ਸਾਧਾਰਣ ਸ਼ਬਦਾਂ ਵਿਚ ਲਿਖ ਦਿੱਤੀ ਜਾਂਦੀ ਤਾਂ ਕੋਈ ਬਿੰਬ ਪੈਦਾ ਨਹੀਂ ਹੋਣਾ ਸੀ ਤੇ ਪ੍ਰਭਾਵ ਇਕਹਿਰਾ ਰਹਿ ਜਾਣਾ ਸੀ। ਇਸ ਸ਼ਬਦ ਦੀ ਬਿੰਬਾਵਲੀ ਵਿਚ ਚੇਤ ਮਹੀਨੇ ਦੀ ਬਸੰਤ ਰੁੱਤੇ ਭਵਰੇ ਸੁਹਣੇ ਲਗ ਰਹੇ ਹਨ। ਜੰਗਲ ਬੇਲੇ ਫਲ ਫੂਲ ਰਹੇ ਹਨ। ਇਸਤਰੀ ਵਿਜੋਗ ਵਿਚ ਤੜਫ ਰਹੀ ਹੈ। ਇਹ ਸਾਰੇ ਸ਼ਬਦ, ਚਿੱਤਰ ਹੋ ਕੇ ਬਿੰਬ ਸਿਰਜਣਾ ਕਰ ਰਹੇ ਹਨ। ਬਸੰਤ ਰੁਤ ਦੀ ਖ਼ੂਬਸੂਰਤੀ ਵਿਚ ਬਿਰਹਾਕੁਠੀ ਜੀਵ ਇਸਤਰੀ ਦੀ ਲੁਛ ਲੁਛ ਕੇ ਪ੍ਰੀਤਮ ਲਈ ਵਿਆਕੁਲ ਹੋਣਾ ਵਾਤਾਵਰਣ ਨੂੰ ਪ੍ਰਚੰਡ ਕਰ ਰਿਹਾ ਹੈ। ਪ੍ਰਗਟਾਵੇ ਲਈ ਗੁਰੂ ਜੀ ਜਿਸ ਬਿੰਬਾਵਲੀ ਦਾ ਪ੍ਰਯੋਗ ਕਰਦੇ ਹਨ ਉਹ ਕੁਦਰਤ ਵਿਚੋਂ ਨਿਤ ਤੱਕੀਆਂ ਜਾ ਸਕਣ ਵਾਲੀਆਂ ਵਸਤਾਂ ਦੇ ਭਾਵ ਚਿੱਤਰਾਂ ਦੁਆਰਾ ਉਘੜਦੀ ਹੈ। ਪਦਾਰਥਕ ਵਸਤਾ ਦੇ ਸ਼ਬਦ ਚਿੱਤਰ ਮਾਧਿਅਮ ਰਾਹੀਂ ਉਹ ਅਧਿਆਤਮਕ ਸੰਕੇਤ ਕਰਦੇ ਹਨ ਜਿਵੇਂ – 'ਮਤਿ ਵਿਚ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ'। ਰਤਨ ਜਵਾਹਰ ਅਤੇ ਮਾਣਕ-ਇਹ ਸਭ ਸਥੂਲ ਮਾਦੀ ਵਸਤਾਂ ਹਨ, ਪਰ ਜਦੋਂ ਇਹਨਾਂ ਦਾ ਪ੍ਰਯੋਗ ਬਿੰਬ ਸਿਰਜਣਾ ਲਈ ਕੀਤਾ ਗਿਆ ਹੈ ਤਾ ਇਹਨਾ ਦੇ ਅਰਥ ਮਨੁੱਖ ਦੇ ਬਿਹਤਰੀਨ ਅੰਤਰੀਵ ਗੁਣਾਂ ਦੇ ਲਖਾਇਕ ਹੋ ਗਏ ਹਨ। ਜਿਹੜਾ ਕਵੀ ਜਿੰਨਾ ਵਧੇਰੇ ਸੂਖ਼ਮ ਹੋਵੇਗਾ, ਉਸ ਦੀ ਬਿੰਬਾਵਲੀ ਵੀ ਉਨੀ ਵਧੇਰੇ ਸੂਖ਼ਮ ਹੋਵੇਗੀ ਤੇ ਉਸ ਨੂੰ

punjabiforias.com by Satinder sir

ਸਮਝਣ ਲਈ ਕੋਈ ਸੁਹਿਰਦ ਪਾਠਕ ਜਾਂ ਸਰੋਤਾ ਹੀ ਸਫ਼ਲ ਹੋ ਸਕੇਗਾ। ਬਿੰਬਾਵਲੀ ਰਾਹੀਂ ਅਸੀਂ ਜਟਿਲਤਾ ਤੋਂ ਸੁਖੈਨਤਾ ਵੱਲ ਤੇ ਸੁਖੈਨਤਾ ਤੋਂ ਸੂਖਮਤਾ ਵਲ ਵਧ ਰਹੇ ਹਾਂ। ਤਾਕਤਵਰ ਬਿੰਬਾਵਲੀ ਦੀ ਇਹੋ ਵੱਡੀ ਸਿਫ਼ਤ ਹੈ। ਗੁਰੂ ਨਾਨਕ ਬਾਣੀ ਦੀ ਵਿਸ਼ੇਸ਼ਤਾ ਉਕਤ ਬਿੰਬਾਵਲੀ ਦੀ ਸਿਰਜਣਾ ਵਿਚ ਹੈ। ਬਾਣੀ ਦਾ ਪਾਠ ਕਰਦਿਆਂ ਅਰਥ-ਸੂਝ ਤੋਂ ਕੋਰੇ ਵਿਅਕਤੀਆਂ ਨੂੰ ਬੇਸ਼ੱਕ ਇਸ ਵਿਸ਼ੇਸ਼ਤਾ ਦਾ ਚੇਤਨ ਗਿਆਨ ਨਹੀਂ, ਪਰ ਉਹਨਾਂ ਨੂੰ ਉਸ ਦੇ ਸਹਜ ਅਨੁਭਵ ਦੀ ਪ੍ਰਤੀਤੀ ਹੋਣੀ ਸੰਭਵ ਹੈ, ਤੇ ਇਸੇ ਕਾਰਨ ਉਹਨਾਂ ਦੇ ਜੀਵਨ ਵਿਚ ਬਾਣੀ ਰਾਹੀਂ ਟਿਕਾਉ ਅਤੇ ਖੇੜਾ ਵਿਗਾਸ ਵਿਚ ਆਉਂਦਾ ਹੈ। ਗੁਰੂ ਨਾਨਕ ਬਾਣੀ ਵਿਚਲੀ ਬਿੰਬਾਵਲੀ ਰਸ ਨੂੰ ਚਿਰਸਥਾਈ ਬਣਾਉਂਦੀ ਹੈ ਅਤੇ ਆਤਮਿਕ ਆਨੰਦ ਪ੍ਰਾਪਤ ਹੁੰਦਾ ਹੈ।

(2) **ਪ੍ਰਤੀਕ :** ਗੁਰੂ ਨਾਨਕ ਬਾਣੀ ਪ੍ਰਤੀਕਾਂ ਦਾ ਅਨਮੋਲ ਖਜ਼ਾਨਾ ਹੈ, "ਧਾਰਮਿਕ ਖੇਤਰ ਵਿਚ ਪ੍ਰਤੀਕਾਂ ਦਾ ਮਹੱਤਵ ਬਹੁਤ ਵੱਧ ਜਾਂਦਾ ਹੈ।" ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਪ੍ਰਮੁੱਖ ਚਿੰਨ੍ਹ ਪਤੀ ਅਤੇ ਪਤਨੀ ਦਾ ਆਇਆ ਹੈ। ਪਤੀ ਜਾਂ ਪਿਰੁ ਸ਼ਬਦ ਪਰਮਾਤਮਾ ਲਈ ਅਤੇ ਪਤਨੀ ਦਾ ਪ੍ਰਸੰਗ ਆਇਆ ਹੈ ਪਾਠਕ ਨੂੰ ਪਤਾ ਹੈ ਕਿ ਉਹ ਰੱਬ ਅਤੇ ਜੀਵਾਤਮਾ ਲਈ ਵਰਤਿਆ ਗਿਆ ਸੰਕੇਤ ਹੈ।

**ਪਿਰੁ ਪਰਦੇਸੀ ਜੇ ਥੀਐ ਧਨ ਵਾਂਢੀ ਝੂਰੇਇ।**

**ਜਿਉ ਜਲਿ ਥੋੜੈ ਮਛੁਲੀ ਕਰਣ ਪਲਾਵ ਕਰੇਇ।**

ਗੁਰੂ ਦੀ ਲੋੜ ਦੱਸਣ ਵਾਸਤੇ ਕੁਦਰਤ ਵਿਚੋਂ ਉਦਾਹਰਣਾਂ ਦਿੰਦੇ ਹੋਏ ਬੇੜੀ ਤੇ ਸਾਗਰ ਦਾ ਪ੍ਰਤੀਕ ਆਮ ਵਰਤਦੇ ਹਨ :

**ਗੁਰੂ ਸਚੁ ਸਾਗਰੁ ਬੋਹਿਥੋ ਗੁਰੂ ਤੀਰਥੁ ਦਰਿਆਉ।**

ਮਨੁੱਖ ਦੀ ਅਲਪਗਤਾ ਅਤੇ ਅਕਾਲਪੁਰਖ ਦੀ ਵਿਸ਼ਾਲਤਾ ਮੱਛੀ ਅਤੇ ਸਮੁੰਦਰ ਦੇ ਚਿੰਨ੍ਹਾਂ ਦੁਆਰਾ ਪ੍ਰਗਟਾਈ ਗਈ ਹੈ:

**ਤੂੰ ਦਰਿਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾ।**

ਗੁਰੂ ਨਾਨਕ ਦੇ ਜੀ ਨੇ ਸੰਜੋਗੀ ਅਤੇ ਵਿਜੋਗੀ ਅਵਸਥਾ ਦਾ ਕਾਵਿ ਆਵੇਸ਼ ਕੁਦਰਤ ਵਿਚੋਂ ਲਿਆ ਹੈ। ਚੇਤਨ ਤੌਰ ਤੇ ਵੀ ਅਤੇ ਅਨੁਭਵ ਪਖੋਂ ਵੀ ਗੁਰੂ ਨਾਨਕ ਬਾਣੀ ਕੁਦਰਤ ਨਾਲ ਇਕਮਿਕ ਹੈ। ਉਹਨਾਂ ਦਾ ਹਿਰਦਾ ਕਵੀ-ਹਿਰਦਾ ਵੀ ਸੀ, ਸੰਗੀਤਕਾਰ ਦਾ ਹਿਰਦਾ ਵੀ, ਅਤੇ ਦਾਰਸ਼ਨਿਕ ਬੌਧਿਕਤਾ ਤੇ ਚਿੰਤਨ ਦੀ ਪਕੜ ਵੀ ਘੱਟ ਨਹੀਂ, ਫਿਰ ਵੀ ਕਾਵਿ ਕਲਾ, ਸੰਗੀਤ ਅਤੇ ਦਰਸ਼ਨ ਨੂੰ ਉਹਨਾਂ ਨੇ ਆਪਣੇ ਸਹਾਇਕਾਂ ਵਜੋਂ ਹੀ ਸਤਿਕਾਰ ਦਿੱਤਾ। ਗੁਰਬਾਣੀ ਨਿਰੋਲ ਕਾਵਿ ਨਹੀਂ, ਅਧਿਆਤਮਕ ਕਾਵਿ ਵੀ ਹੈ। ਭਾਵਾਂ ਰਾਹੀਂ ਉਪਜੇ ਪਦਾਰਥਕ ਜਗਤ ਦੇ ਸਥੂਲ ਅਤੇ ਅਸਥੂਲ ਅਨੁਭਵ ਦੀ ਸ਼ਬਦਾਂ ਦੁਆਰਾ ਕਲਾਮਈ ਵਿਅੰਜਨਾਂ ਨੂੰ ਅਸੀਂ ਕਾਵਿ ਆਖਦੇ ਹਾਂ, ਪਰ ਜਦੋਂ ਦੈਵੀ ਕਵੀ ਦੀ ਦ੍ਰਿਸ਼ਟੀ ਸੂਖ਼ਮ ਅਤੇ ਸਥੂਲ, ਸਭ ਪ੍ਰਕਾਰ ਦੀਆਂ ਹੱਦਬੰਦੀਆਂ ਤੋੜ ਕੇ ਭਾਵਾਂ ਦੀ ਥਾਂ ਅਨੁਭਵ ਨੂੰ ਆਪਣਾ ਪ੍ਰੇਰਣਾ ਸਰੋਤ ਬਣਾ ਲਏ, ਤਦ ਅਧਿਆਤਮਕ ਕਾਵਿ ਦੀ ਸਿਰਜਣਾ ਹੁੰਦੀ ਹੈ।

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚੋਂ ਪ੍ਰਕ੍ਰਿਤੀ ਚਿਤਰਣ ਦੀਆਂ ਹੇਠ ਲਿਖਤ ਕੁੱਝ ਵਿਸ਼ੇਸ਼ਤਾਈਆਂ ਉਲੇਖਣਯੋਗ ਹਨ :

(1) ਕੁਦਰਤ-ਚਿਤਰਣ ਵਿਚ ਬਰੀਕਬੀਨੀ ਨਹੀਂ। ਸਗੋਂ ਹਰੇਕ ਥਾਂ ਵਿਸ਼ਾਲਤਾ ਬਿਰਾਜਮਾਨ ਹੈ। ਅਕਾਸ਼ ਦਾ ਥਾਲ, ਚੰਨ, ਸੂਰਜ, ਦੀਵੇ, ਤਾਰੇ, ਮੋਤੀ, ਚੰਦਨ ਦੇ ਪਰਬਤਾਂ ਦੀ ਧੂਪ ਅਤੇ ਪਵਨ ਦਾ ਚਵਰ ਹੀ ਕੇਵਲ ਉਸ ਦੀ ਆਰਤੀ ਲਈ ਸੁਯੋਗ ਸਮੱਗਰੀ ਵਜੋਂ ਪ੍ਰਯੋਗ ਕੀਤੇ ਜਾ ਸਕਦੇ ਹਨ ਤੇ ਇਹ ਆਰਤੀ ਕੁਦਰਤ ਨਿਰੰਤਰ ਆਪਣੇ ਸਿਰਜਣਹਾਰ ਅਗੇ ਕਰ ਰਹੀ ਹੈ।

punjabiforias.com by Satinder Sir

(2) ਜਿੱਥੇ ਕਿਤੇ ਵੀ ਕੁਦਰਤ ਦਾ ਵਿਵਰਣ ਦਿੱਤਾ ਗਿਆ ਹੈ, ਉਹ ਲੰਮੀ ਚੌੜੀ ਭੂਮਿਕਾ ਰਾਹੀਂ ਨਹੀਂ ਦਿੱਤਾ ਗਿਆ। ਸਿੱਧਾ ਸਪਾਟ ਵਰਣਨ ਹੈ। ਵਿਸਥਾਰ ਦਾ ਖਲਾਰਾ ਨਹੀਂ ਪਾਉਂਦੇ। ਜਪੁਜੀ ਵਿੱਚ ਚੌਵੀਵੀਂ ਪਉੜੀ ਵਿਚ ਰੱਬ ਦੀਆਂ ਸਿਫ਼ਤਾਂ ਬਾਰੇ ਜ਼ਿਕਰ ਕਰਦੇ ਅਖ਼ੀਰ ਵਿਚ ਆਖ ਦਿੰਦੇ ਹਨ :

**ਏਹੁ ਅੰਤ ਨ ਜਾਣੈ ਕੋਇ।**

**ਬਹੁਤਾ ਕਹੀਐ ਬਹੁਤਾ ਹੋਇ।**

(3) ਪ੍ਰਕ੍ਰਿਤੀ-ਚਿਤਰਣ ਕਾਲਪਨਿਕ ਨਹੀਂ। ਅਜਿਹਾ ਮਾਲੂਮ ਨਹੀਂ ਹੁੰਦਾ ਕਿ ਕੁਦਰਤ ਬਾਰੇ ਦਿੱਤਾ ਗਿਆ ਵਿਵਰਣ ਯਥਾਰਥਕਤਾ ਤੋਂ ਪਰੇ ਪਰੇਰੇ ਸਿਰਫ਼ ਖਿਆਲੀ ਸੁਫ਼ਨ-ਸੰਸਾਰ ਹੀ ਹੋਵੇ। ਗੁਰੂ ਨਾਨਕ ਬਾਣੀ ਕੁਦਰਤ ਨੂੰ ਵੱਡਾ ਸਚ ਮੰਨਦੀ ਹੈ। ਨਾ ਕੁਦਰਤ ਮਾਇਆ ਜਾਲ ਹੈ ਨਾ ਮ੍ਰਿਗਤ੍ਰਿਸ਼ਨਾ ਵਾਂਗਰ ਭਰਮ ਭੁਲੇਖਾ। ਕੁਦਰਤ ਠੋਸ ਰੂਪ ਵਿਚ ਵਿਚਰਦੀ ਹੈ ਤੇ ਕੇਵਲ ਅਨੁਭਵ ਦੁਆਰਾ ਇਸ ਦਾ ਸਾਰ ਪਾਇਆ ਜਾ ਸਕਦਾ ਹੈ, ਬੁੱਧੀ ਰਾਹੀਂ ਨਹੀਂ। ਸੰਸਾਰ ਦੀਆਂ ਸਰਬੱਤ ਵਸਤਾਂ ਵਿਸਮਾਦ ਵਿਚ ਝੂਮਦੀਆਂ ਦੇਖ ਕੇ ਮਨ ਵਿਸਮਾਦ ਵਿਚ ਆ ਜਾਂਦਾ ਹੈ, ਇਹ ਜਤਾਉਂਦੇ ਹੋਏ ਗੁਰੂ ਨਾਨਕ ਦੇਵ ਜੀ ਲਿਖਦੇ ਹਨ :

**ਵੇਖਿ ਵਿਡਾਣੁ ਰਹਿਆ ਵਿਸਮਾਦੁ।**

**ਨਾਨਕ ਬੁਝਣੁ ਪੂਰੇ ਭਾਗਿ।**

ਵਾਰ ਆਸਾ ਵਿਚ ਹੀ, ਚਉਥੀ ਪਉੜੀ ਵਿਚ, ਇਹ ਦਰਸਾਉਣ ਲਈ ਕਿ ਹਰੇਕ ਵਸਤੂ ਰੱਬੀ ਹੁਕਮ ਵਿਚ ਢਲ ਰਹੀ ਹੈ, 'ਭੈ' ਸ਼ਬਦ ਵਰਤ ਕੇ ਸੁਰਤਾਲ ਨੂੰ ਤੇਜ਼ ਗਤੀ ਵਿਚ ਦਿੱਤੀ ਹੈ। ਸ਼ਬਦ 'ਭੈ ਵਿਚਿ' ਆਉਂਦਾ ਹੈ, ਉਨੀ ਵਾਰ ਕੁਦਰਤ ਦਾ ਸੰਗੀਤ ਮਨ ਵਿਚ ਉਤਰਦਾ ਜਾਂਦਾ ਹੈ।

(4) ਕੁਦਰਤ ਚਿਤਰਣ ਵਿਚ ਗੰਭੀਰਤਾ ਹੈ। ਪ੍ਰਭੂ ਦੀ ਰਾਸ ਲੀਲ੍ਹਾ ਕੁਦਰਤ ਵਿਚ ਇਸ ਪ੍ਰਕਾਰ ਹੋ ਰਹੀ ਦਰਸਾਈ ਹੈ :

ਘੜੀਆ ਸਭੇ ਗੋਪੀਆ ਪਹਰ ਕੰਨ੍ਹ ਗੋਪਾਲ।
ਗਹਣੇ ਪਉਣੁ ਪਾਣੀ ਬੈਸੰਤਰੁ ਚੰਦੁ ਸੂਰਜੁ ਅਵਤਾਰ।
ਸਗਲੀ ਧਰਤੀ ਮਾਲੁ ਧਨੁ ਵਰਤਣਿ ਸਰਬ ਜੰਜਾਲ।
ਨਾਨਕ ਮੁਸੈ ਗਿਆਨ ਵਿਹੂਣੀ ਖਾਇ ਗਇਆ ਜਮਕਾਲੁ।

ਕੁਦਰਤ ਵਿਚ ਵਾਪਰ ਰਹੀ ਅਜਿਹੀ ਰਾਸ, ਅਨੁਭਵੀ ਵਿਅਕਤੀ ਹੀ ਚਿੱਤਰ ਸਕਦੇ ਹਨ।

(5) ਇਸ ਦਾ ਚਰਿਤ੍ਰ ਚਿਤ੍ਰਣ ਕੀਤਾ ਗਿਆ ਹੈ। ਕੁਦਰਤ ਰੱਬ ਦਾ ਪਹਿਰਾਵਾ ਹੈ ਤੇ ਅਨੇਕ ਪ੍ਰਕਾਰ ਦੇ ਪਹਿਰਾਵੇ ਧਾਰਨ ਕਰਨ ਬਾਦ ਵੀ ਪਹਿਨਣ ਵਾਲਾ ਜਦੋਂ ਇਕੋ ਹੋਵੇ ਤਾਂ ਪਹਿਰਾਵਿਆਂ ਵਿਚ ਇਕ ਵਿਸ਼ੇਸ਼ ਪ੍ਰਕਾਰ ਦੀ ਸਮਾਨਤਾ ਪਾਈ ਜਾਂਦੀ ਹੈ।

(6) ਕੁਦਰਤ ਚਿਤ੍ਰਣ ਦਾ ਮਨੋਰਥ ਸੌਂਦਰਯ ਦੀ ਪ੍ਰਦਰਸ਼ਨੀ ਕਰਨ ਦੀ ਥਾਂ ਕਾਦਰ ਦੇ ਕਰਤਾਰੀ ਮਰਮ ਦੀ ਸੋਝੀ ਕਰਵਾਉਣਾ ਹੈ। ਕਾਦਰ ਅਤੇ ਕੁਦਰਤ ਦੀ ਅਨੰਤਤਾ ਬੁੱਧੀ ਦੇ ਵਸ ਵਿਚ ਆਉਣ ਵਾਲਾ ਕਾਰਜ ਨਹੀਂ :

(7) ਕੁਦਰਤ ਦੇ ਰਹੱਸ ਦਾ ਪ੍ਰਕਾਸ਼ ਬੇਗੁਰੇ ਵਿਅਕਤੀ ਨੂੰ ਨਹੀਂ ਹੋ ਸਕਦਾ। ਪੂਰਨ ਗੁਰੂ ਦੇ ਦਸੇ ਮਾਰਗ ਦੁਆਰਾ ਹੱਕ ਸੱਚ ਦੀ ਸੋਝੀ ਹੁੰਦੀ ਹੈ। ਗੁਰੂ ਅੰਗਦ ਦੇਵ ਜੀ ਵਾਰ ਆਸਾ ਦੇ ਆਰੰਭਕ ਸਲੋਕਾਂ ਵਿਚ ਫੁਰਮਾਉਂਦੇ ਹਨ ਕਿ ਸੈਂਕੜੇ ਚੰਦ ਅਤੇ ਹਜ਼ਾਰਾ ਸੂਰਜਾਂ ਦੇ ਪ੍ਰਕਾਸ਼ ਵਿਚ ਅੰਧਕਾਰ ਹੈ ਜੇ ਗੁਰੂ ਦੀ ਸ਼ਰਣ ਪ੍ਰਾਪਤ ਨਹੀਂ ਹੋਈ। ਗੁਰੂ ਨਾਨਕ ਦੇਵ ਜੀ ਦਾ ਕਥਨ ਹੈ :

punjabiforias.com by Satinder Sir

**ਮੋਤੀ ਹੀਰਾ ਨਿਰਮਲਾ ਕੰਚਨ ਕੋਟ ਰੀਸਾਲ।**

**ਬਿਨੁ ਪਉੜੀ ਗੜਿ ਕਿਉਂ ਚੜਉ ਗੁਰ ਹਰਿ ਧਿਆਨ ਨਿਹਾਲ।**

ਗੁਰੂ ਨਾਨਕ ਦੇਵ ਜੀ ਦੁਆਰਾ ਪ੍ਰਕ੍ਰਿਤੀ ਦਾ ਸੌਂਦਰਮਈ ਚਿਤਰਣ ਬੜੀਆਂ ਮਜ਼ਬੂਤ ਨੀਹਾਂ ਧਰ ਕੇ ਆਉਣ ਵਾਲੀਆਂ ਸਦੀਆਂ ਦੇ ਸਾਹਿਤ ਲਈ ਸਿਹਤਵੰਦ ਪਰੰਪਰਾਵਾਂ ਛਡ ਕੇ ਗਿਆ ਹੈ। ਕੁਦਰਤ ਦੇ ਦ੍ਰਿਸ਼ ਵਰਣਨ ਵਜੋਂ ਤਾਂ ਕਾਵਿ ਸ਼ਾਸਤਰੀਆਂ ਨੇ ਆਪ ਦੀ ਬਾਣੀ 'ਬਾਰਹਮਾਹ' ਨੂੰ ਸ਼੍ਰੋਮਣੀ ਦਰਜਾ ਦੇ ਕੇ ਇਸ ਨੂੰ ਆਰਸ਼ਕ ਕਿਸਮ ਦੀ ਕਲਾ-ਕਿਰਤ ਮੰਨਿਆ ਹੈ।

ਕੁਦਰਤ ਦੀ ਬਣਤਰ ਬਹੁਤ ਸਾਦਗੀਪੂਰਨ ਹੈ, ਜਿਸ ਵਿਚ ਵਹਿਮ ਅਤੇ ਕਲਪਨਾ ਦੀ ਗੁੰਜਾਇਸ਼ ਨਹੀਂ। ਕੁਦਰਤ ਦੇ ਕਈ ਅਜਿਹੇ ਪੱਖ ਹਨ ਜਿਹਨਾਂ ਬਾਰੇ ਤਤਕਾਲ ਜਾਣਕਾਰੀ ਪ੍ਰਾਪਤ ਨਹੀਂ ਹੋ ਸਕਦੀ। ਕਿਵੇਂ ਵਿਭਿੰਨਤਾ ਵਿਚ ਏਕਤਾ ਹੈ, ਕਿਵੇਂ ਪਰਿਵਰਤਨ ਦੇ ਬਾਵਜੂਦ ਅਟੱਲ ਸਥਿਰਤਾ ਹੈ ਅਤੇ ਕਿਵੇਂ ਅਚੰਭੇਜਨਕ ਦ੍ਰਿਸ਼ਾ ਵਿੱਚ ਪ੍ਰਤੱਖ ਹਕੀਕਤ ਹੈ – ਕੋਈ ਪਤਾ ਨਹੀਂ ਲਗਦਾ। ਵਿਸ਼ਵ ਵਿਚ ਸੁੰਦਰਤਾ ਹੈ, ਜਿੰਦਜਾਨ ਹੈ ਅਤੇ ਜਜ਼ਬਿਆਂ ਦੀ ਧੜਕਣ ਹੈ। ਧਰਤੀ ਤੇ ਆਕਾਸ਼ ਖਿੜਾਉ ਵਿਚ ਵਿਚਰ ਰਹੇ ਹਨ। ਅਜਿਹਾ ਤਦ ਹੀ ਸੰਭਵ ਹੋ ਸਕਿਆ ਹੈ, ਜੇ ਦੈਵੀ ਹਸਤੀ ਆਪ ਸਰਬਕਲਾ ਭਰਪੂਰ, ਚੇਤੰਨ ਹਸਤੀ ਹੈ। ਗੁਰੂ ਨਾਨਕ ਦੇਵ ਜੀ ਦੀਆਂ ਇਹ ਪੰਕਤੀਆਂ ਵਿਚਾਰਨਯੋਗ ਹਨ – "ਬਸੰਤ ਦੇ ਆਗਮਨ ਤੋਂ ਪਹਿਲਾਂ ਅਕਾਲਪੁਰਖ ਆਪ ਖਿੜਿਆ (ਉਸਦੇ ਖਿੜਾਅ ਤੋਂ ਹੀ ਬਸੰਤ ਖਿੜਦੀ ਹੈ)। ਜਿਸ ਵਾਹਿਗੁਰੂ ਤੇ ਸਾਰੇ ਖਿੜਦੇ ਹਨ ਉਸਨੂੰ ਖਿੜਾਉਣ ਵਾਲਾ ਕੋਈ ਨਹੀਂ।"

ਗੁਰੂ ਨਾਨਕ ਬਾਣੀ ਵਿਚ ਤਿੰਨ ਹਕੀਕਤਾਂ ਅਮਰ ਮੰਨੀਆਂ ਗਈਆਂ ਹਨ –

(1) ਅਕਾਲਪੁਰਖ (2) ਗੁਰੂ (3) ਸੱਚਾ ਚਿੰਤਨ ।

ਕੁਦਰਤ ਨੂੰ ਸਾਜਣ ਵਾਲਾ ਕਾਦਰ, ਗੁਰੂ ਨਾਨਕ ਦੇਵ ਜੀ ਲਈ 'ਕਰਤਾਪੁਰਖ' ਹੈ। ਕਰਤਾ ਦਾ ਅਰਥ ਹੈ ਸਾਜਣ ਵਾਲਾ ਤੇ ਪੁਰਖ, ਸਿਰਜਣਾ ਸ਼ਕਤੀ ਦੀ ਚੇਤੰਨਤਾ ਵਿਅਕਤ ਕਰਨ ਲਈ ਵਰਤਿਆ ਗਿਆ ਸ਼ਬਦ ਹੈ। ਰਤਨ ਸਿੰਘ ਜੱਗੀ ਦੇ ਸ਼ਬਦਾਂ ਵਿਚ ਗੁਰੂ ਨਾਨਕ ਦੇਵ ਜੀ ਦੀ ਕੁਦਰਤ ਆਪਣੇ "ਕਾਦਰ ਦੁਆਰਾ ਨਿਰਮਿਤ, ਵਿਵਹਾਰਕ ਰੂਪ ਵਿਚ ਸੱਚੀ ਪਰ ਪ੍ਰਭੂ ਆਸ੍ਰਿਤ ਅਜਿਹੀ ਵਿਸਮਯਪੂਰਨ ਸੱਤਾ ਹੈ ਜੋ ਪਰਮਾਤਮਾ ਦੀ ਵਿਆਪਤੀ ਦਾ ਖੇਤਰ, ਬੈਠਣ ਲਈ ਤਖ਼ਤ, ਪੂਜਾ ਲਈ ਆਰਤੀ ਦੀ ਸਮੱਗਰੀ ਅਤੇ ਮਨੋਰੰਜਨ ਲਈ ਰਾਸ ਹੈ।"

- ਮਨੁੱਖੀ ਚੇਤਨਾ ਦਾ ਵਿਕਾਸ ਤਿੰਨ ਦਿਸ਼ਾਵਾਂ ਵਿਚ ਹੋਇਆ ਮੰਨਿਆ ਜਾਂਦਾ ਹੈ :

1. ਇੰਦਰਿਆਵੀ ਗਿਆਨ ਦਾ ਵਿਕਾਸ
2. ਬੌਧਿਕਤਾ ਦਾ ਵਿਕਾਸ
3. ਅਨੁਭਵ (ਅੰਤਰਬੋਧ) ਦਾ ਪ੍ਰਕਾਸ਼

ਜਨਮ ਲੈਣ ਉਪਰੰਤ ਬੱਚੇ ਨੂੰ ਆਲੇ ਦੁਆਲੇ ਦਾ ਅਹਿਸਾਸ ਹੁੰਦਾ ਹੈ। ਇਹ ਸੰਵੇਦਨਾਵਾਂ ਦੇ ਪ੍ਰਫੁਲਿਤ ਹੋਣ ਦਾ ਸੰਸਾਰ ਹੈ। ਇੰਦ੍ਰਿਆਵੀ ਗਿਆਨ ਅਤੇ ਬੌਧਿਕਤਾ ਇਕ ਦੂਜੇ ਨਾਲ ਜੁੜੇ ਹੋਏ ਹਨ। "ਜਦੋਂ ਕੂੜ ਦੀ ਪਾਲ ਟੁੱਟ ਜਾਂਦੀ ਹੈ, ਜਦੋਂ ਅਵਿਦਿਆ ਦਾ ਅੰਤ ਹੋ ਜਾਂਦਾ ਹੈ, ਜਦੋਂ ਵਿਸ਼ਵ ਅਤੇ ਪਰਾ-ਵਿਸ਼ਵ ਹਕੀਕਤ ਦਾ ਪੂਰਨ ਗਿਆਨ ਮਨੁੱਖੀ ਚੇਤਨਾ ਵਿਚ ਉਦੈ ਹੁੰਦਾ ਹੈ, ਤਾਂ ਮਨੁੱਖੀ ਆਤਮਾ ਅਤੇ ਬ੍ਰਹਮ ਵਿਚਕਾਰ ਨਵਾਂ ਸੰਤੁਲਨ ਕਾਇਮ ਹੋ ਜਾਂਦਾ ਹੈ, ਵਿਅਕਤੀ 'ਬ੍ਰਹਮਗਿਆਨੀ' ਦੀ ਪੱਧਰ ਨੂੰ ਪ੍ਰਾਪਤ ਹੋ ਜਾਂਦਾ ਹੈ।"

ਰੱਬ ਦੁਆਰਾ ਆਦਮੀ ਦੀ ਸਿਰਜਣਾ ਆਪਣੇ ਆਪ ਇਸ ਤੱਥ ਦੀ ਪੁਸ਼ਟੀ ਹੈ ਕਿ ਉਹ ਆਦਮੀ ਨੂੰ ਉਸੇ ਪ੍ਰਕਾਰ ਪਿਆਰ ਕਰਦਾ ਹੈ ਜਿਵੇਂ ਆਦਮੀ ਅਗੋਂ ਆਪਣੀ ਸੰਤਾਨ ਨੂੰ ਕਰਦਾ ਹੈ। ਜਿਹੜੇ ਵਿਅਕਤੀ ਰੱਬੀ ਮੁਹੱਬਤ ਦੇ ਇਸ ਰਹੱਸ ਨੂੰ ਜਾਣ ਲੈਂਦੇ ਹਨ,

punjabiforias.com by Satinder Sir

ਜਲਾਲਉਦੀਨ ਰੂਮੀ ਦੇ ਕਥਨ ਅਨੁਸਾਰ, ਫਿਰ ਉਹ ਬਾਕੀ ਮਨੁੱਖਾਂ ਵਾਂਗ ਮਿੱਟੀ ਹਵਾ, ਅੱਗ ਤੇ ਪਾਣੀ, ਨਿਰੇ ਚਾਰ ਪਦਾਰਥਾਂ ਤੋਂ ਘੜੀ ਘਾੜਤ ਨਹੀਂ ਰਹਿੰਦੇ। ਉਹ ਅਣਗਿਣਤ ਮੋਤੀਆਂ ਨਾਲ ਭਰੇ ਅਨੰਤ ਸਾਗਰ ਬਣ ਜਾਂਦੇ ਹਨ। ਗੁਰੂ ਜੀ ਦਾ ਸ਼ਬਦ ਹੈ :

**ਮਨ ਮਹਿ ਮਾਣਕ ਲਾਲੁ ਨਾਮ ਰਤਨੁ ਪਦਾਰਥ ਹੀਰੁ।**

**ਸਚ ਵਖਰ ਧਨੁ ਨਾਮ ਹੈ ਘਟਿ ਘਟਿ ਗਹਿਰ ਗੰਭੀਰ।**

- ਗੁਰੂ ਨਾਨਕ ਬਾਣੀ ਵਿਚਲੇ 'ਕੁਦਰਤ' ਸ਼ਬਦ ਦੀ ਵਰਤੋਂ ਜਿਨ੍ਹਾਂ ਸੰਕੇਤਾਂ ਵਿਚ ਪ੍ਰਾਪਤ ਹੋਈ ਹੈ, ਉਨਾ ਤੋਂ ਕੁਦਰਤ ਦਾ ਸਪਸ਼ਟ ਸਰੂਪ ਉਘੜਦਾ ਹੈ ਜਿਸ ਅਨੁਸਾਰ ਕੁਦਰਤ ਅਸੀਮ ਤਾਂ ਹੈ ਪਰ ਅਨਾਦੀ ਨਹੀਂ।
- ਕੁਦਰਤ ਨੇ ਹਰ ਯੁੱਗ ਦੇ ਕਵੀਆਂ ਨੂੰ ਪ੍ਰਭਾਵਿਤ ਕੀਤਾ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਨੇ ਅਨੇਕ ਥਾਵਾਂ ਤੇ ਕੁਦਰਤ ਦੇ ਸੌਂਦਰਯ ਨੂੰ ਅੰਗੀਕਾਰ ਕਰ ਕੇ ਉਸ ਵਿਚੋਂ ਬਿੰਬ, ਪ੍ਰਤੀਕ ਅਤੇ ਅਲੰਕਾਰ ਲਏ ਹਨ। ਗੁਰੂ ਨਾਨਕ ਨੇ ਕੁਦਰਤ ਨੂੰ ਉਚੇਚੇ ਸੁਹਜ-ਸੁਆਦ ਤੇ ਅਧਿਆਤਮਕ ਰਸ ਦੇ ਪ੍ਰਗਟਾਵੇ ਲਈ ਮਾਧਿਅਮ ਬਣਾ ਕੇ ਵਰਤਿਆ ਹੈ।
- ਕੁਦਰਤ ਦੀ ਰਚਨਾ ਕਦੋਂ ਹੋਈ, ਇਸ ਦਾ ਨਿਰਣਾ ਮਨੁੱਖ ਦੇ ਵੱਸ ਦੀ ਗੱਲ ਨਹੀਂ। ਫਿਰ ਵੀ ਗੁਰੂ ਨਾਨਕ ਬਾਣੀ ਸਪਸ਼ਟਤਾ ਨਾਲ ਥਾਂ ਥਾਂ ਦ੍ਰਿੜ੍ਹ ਕਰਵਾਉਂਦੀ ਹੈ ਕਿ ਸ੍ਰਿਸ਼ਟੀ ਸੱਚ ਹੈ, ਕਿਉਂਕਿ ਇਹ ਸੱਚੇ ਦੀ ਰਚਨਾ ਹੈ। ਇਹ 'ਕੂੜ' ਉਸ ਹਾਲਤ ਵਿਚ ਹੈ ਜਦੋਂ ਇਸ ਵਿਚ ਵਿਆਪਕ ਦੈਵੀ ਹਸਤੀ ਦਾ ਅਨੁਭਵ ਨਾ ਕਰੀਏ ਜਾਂ ਇਸ ਨੰ ਸਦੀਵੀ ਮੰਨ ਲਈਏ।
- ਕਾਦਰ, ਕੁਦਰਤ ਅਤੇ ਜੀਵ ਇਕ ਦੂਜੇ ਤੋਂ ਨਿਖੇੜੇ ਨਹੀਂ ਜਾ ਸਕਦੇ। ਇਹ ਇਕੋ ਸ਼ਕਤੀ ਦੇ ਭਿੰਨ ਭਿੰਨ ਪ੍ਰਗਟਾਵੇ ਹਨ। ਜਿਵੇਂ ਇਕੋ ਸੂਰਜ ਅਨੇਕ ਪ੍ਰਕਾਰ ਦੀਆਂ ਰੁੱਤਾਂ ਦਾ ਜਨਮਦਾਤਾ ਹੁੰਦਾ ਹੈ, ਉਵੇਂ ਹੀ ਕੁਦਰਤ ਦੀ ਭਿੰਨਤਾ, ਕਾਦਰ ਦੇ ਵੱਖ ਵੱਖ ਪਹਿਰਾਵੇ ਹਨ।
- ਗੁਰੂ ਨਾਨਕ ਬਾਣੀ ਨੇ ਆਪਣਾ ਨਿਵੇਕਲਾ ਕੁਦਰਤ ਦਾ ਸੰਕਲਪ ਸਿਰਜਿਆ ਹੈ। 'ਕੁਦਰਤ' ਸੰਬੰਧੀ ਸਿਧਾਂਤ ਗੁਰੂ ਨਾਨਕ ਦੇਵ ਜੀ ਨੇ ਕਿਸੇ ਤਾਰਕਿਕ-ਦਾਰਸ਼ਨਿਕ ਵਿਧੀ ਰਾਹੀਂ ਪੇਸ਼ ਨਹੀਂ ਕੀਤਾ, ਸਗੋਂ ਇਸ ਦਾ ਨਿਰੂਪਣ ਉਨ੍ਹਾਂ ਦੀ ਕਾਵਿਕ ਸ਼ੈਲੀ ਰਾਹੀਂ ਹੋਇਆ ਹੈ। ਮੂਲ-ਰੂਪ ਵਿਚ ਇਹ ਬਾਣੀ ਗੁਰੂ ਸਾਹਿਬ ਦੇ ਅਧਿਆਤਮਕ ਅਨੁਭਵ ਦਾ ਕਲਾਤਮਕ ਪ੍ਰਗਟਾਵਾ ਹੈ ਜਿਸ ਵਿਚੋਂ ਕੁਦਰਤ ਸੰਬੰਧੀ ਸੰਕੇਤਾਂ, ਬਿੰਬਾਂ ਤੇ ਸੰਕਲਪਾਂ ਨੂੰ ਤਾਰਕਿਕ ਕ੍ਰਮ ਵਿਚ ਰੱਖ ਕੇ ਗੁਰੂ ਸਾਹਿਬ ਜੀ ਦਾ ਕੁਦਰਤ-ਸਿਧਾਂਤ ਉਲੀਕਿਆ ਜਾ ਸਕਦਾ ਹੈ।

**ਇਹ ਨੋਟਸ ਡਾ. ਹਰਪਾਲ ਸਿੰਘ ਪੰਨੂੰ ਦੇ ਖੋਜ਼ ਕਾਰਜ ਤੇ ਅਧਾਰਿਤ ਹਨ।**

punjabiforias.com by Satinder Sir